**ਸਰਕਾਰੀ ਕਾਲਜ ਲੜਕੀਆਂ, ਪਟਿਆਲਾ**

ਦਫ਼ਤਰੀ ਆਦੇਸ਼

ਨੰਬਰ: 793  ਮਿਤੀ: 22/08/26

**ਵਿਸ਼ਾ: ਕਾਲਜ ਰੈਗੂਲਰ ਫੈਕਲਟੀ ਮੈਂਬਰਾਂ ਨੂੰ ਡਿਊਟੀਆਂ ਸੌਂਪਣ ਸਬੰਧੀ।**

ਕਾਲਜ ਦੇ ਕੁਸ਼ਲ ਪ੍ਰਸ਼ਾਸਨ, ਬਿਹਤਰ ਤਾਲਮੇਲ, ਪਾਰਦਰਸ਼ਤਾ, ਜਵਾਬਦੇਹੀ, ਪ੍ਰਭਾਵਸ਼ਾਲੀ ਨਿਗਰਾਨੀ ਅਤੇ ਸੁਚਾਰੂ ਕੰਮਕਾਜ ਨੂੰ ਯਕੀਨੀ ਬਣਾਉਣ ਦੇ ਹਿੱਤ ਵਿੱਚ, ਹੇਠ ਲਿਖੇ ਰੈਗੂਲਰ ਫੈਕਲਟੀ ਮੈਂਬਰਾਂ ਨੂੰ ਤੁਰੰਤ ਪ੍ਰਭਾਵ ਨਾਲ ਅਤੇ ਅਗਲੇ ਹੁਕਮਾਂ ਤੱਕ ਉਨ੍ਹਾਂ ਦੇ ਨਾਵਾਂ ਦੇ ਸਾਹਮਣੇ ਦਰਸਾਈਆਂ ਡਿਊਟੀਆਂ ਸੌਂਪੀਆਂ ਜਾਂਦੀਆਂ ਹਨ:

1. ਮੈਂਬਰ ਸਕੱਤਰ, HEIS –ਪ੍ਰੋ ਰਣਜੀਤ ਕੌਰ

2. RUSA/PM-USHA/ GeM ਕੋਆਰਡੀਨੇਟਰ – ਪ੍ਰੋ. ਗਗਨਦੀਪ ਕੌਰ, ਵਿਭਾਗ ਜੂਆਲੋਜੀ

**ਹਦਾਇਤਾਂ:**

1. ਸਬੰਧਤ ਫੈਕਲਟੀ ਮੈਂਬਰ ਤੁਰੰਤ ਪ੍ਰਭਾਵ ਨਾਲ ਆਪਣੀਆਂ ਨਿਰਧਾਰਤ ਡਿਊਟੀਆਂ ਦਾ ਚਾਰਜ ਸੰਭਾਲਣਗੇ।

2. ਪਿਛਲੇ ਇੰਚਾਰਜ/ਅਹੁਦੇਦਾਰ ਵੱਲੋਂ ਇਸ ਆਦੇਸ਼ ਦੇ ਜਾਰੀ ਹੋਣ ਦੀ ਮਿਤੀ ਤੋਂ ਤਿੰਨ ਕੰਮਕਾਜੀ ਦਿਨਾਂ ਦੇ ਅੰਦਰ ਸਾਰੇ ਸੰਬੰਧਿਤ ਰਿਕਾਰਡ, ਫਾਈਲਾਂ, ਰਜਿਸਟਰ, ਦਸਤਾਵੇਜ਼, ਡਿਜੀਟਲ ਡੇਟਾ, ਆਈ ਡੀ ਅਤੇ ਪਾਸਵਰਡ -ਅਧਿਕਾਰਤ ਪਹੁੰਚ ਨਾਲ ਸਬੰਧਤ ਵੇਰਵੇ ਅਤੇ ਹੋਰ ਸਮੱਗਰੀ ਨਵੇਂ ਨਿਯੁਕਤ ਇੰਚਾਰਜ/ਕੋਆਰਡੀਨੇਟਰ ਨੂੰ ਕਾਲਜ ਕੌਂਸਲ ਦੀ ਦੇਖਰੇਖ ਅਧੀਨ ਲਿਖਤੀ ਰੂਪ ਵਿੱਚ ਸੌਂਪੀ ਜਾਵੇਗੀ।

3. RUSA/PM-USHA ਨਾਲ ਸਬੰਧਤ ਨਿਰੀਖਣ (Inspection) ਦੇ ਇਤਰਾਜ਼ਾ ਨੂੰ ਦੂਰ ਕਰਨ ਦੀ ਜ਼ਿੰਮੇਵਾਰੀ ਬਾਹਰ ਜਾਣ ਵਾਲੇ (outgoing) ਰੂਸਾ ਕੋਆਰਡੀਨੇਟਰ ਦੀ ਹੋਵੇਗੀ।

4. ਚਾਰਜ ਦੇਣ ਅਤੇ ਲੈਣ ਦੀ ਰਿਪੋਰਟ, ਸੰਬੰਧਿਤ ਪ੍ਰਕਿਰਿਆ ਮੁਕੰਮਲ ਹੋਣ ਉਪਰੰਤ, ਕਾਲਜ ਦਫ਼ਤਰ ਰਾਹੀਂ ਤੁਰੰਤ ਪ੍ਰਿੰਸੀਪਲ ਨੂੰ ਪੇਸ਼ ਕੀਤੀ ਜਾਵੇਗੀ।

5. ਸਬੰਧਤ ਫੈਕਲਟੀ ਮੈਂਬਰ ਆਪਣੀਆਂ ਸੌਂਪੀਆਂ ਗਈਆਂ ਜ਼ਿੰਮੇਵਾਰੀਆਂ ਨੂੰ ਪੂਰੀ ਮਿਹਨਤ, ਨਿਰਪੱਖਤਾ, ਪਾਰਦਰਸ਼ਤਾ, ਜਵਾਬਦੇਹੀ, ਗੁਪਤਤਾ ਅਤੇ ਸ਼ੁੱਧਤਾ ਨਾਲ ਨਿਭਾਉਣਗੇ।

6. ਇਹ ਜ਼ਿੰਮੇਵਾਰੀਆਂ ਸਬੰਧਤ ਫੈਕਲਟੀ ਮੈਂਬਰਾਂ ਦੀਆਂ ਆਮ ਅਧਿਆਪਨ, ਪ੍ਰੀਖਿਆ, ਅਕਾਦਮਿਕ ਅਤੇ ਹੋਰ ਸਰਕਾਰੀ ਡਿਊਟੀਆਂ ਤੋਂ ਇਲਾਵਾ ਹੋਣਗੀਆਂ।

ਇਹ ਦਫ਼ਤਰੀ ਆਦੇਸ਼ ਤੁਰੰਤ ਪ੍ਰਭਾਵ ਨਾਲ ਲਾਗੂ ਹੋਵੇਗਾ।

ਪ੍ਰਿੰਸੀਪਲ 22/8/26

ਸਰਕਾਰੀ ਕਾਲਜ ਲੜਕੀਆਂ, ਪਟਿਆਲਾ

ਕਾਪੀ:

1. ਸਾਰੇ ਸਬੰਧਤ ਫੈਕਲਟੀ ਮੈਂਬਰਾਂ ਨੂੰ ਜਾਣਕਾਰੀ ਅਤੇ ਲੋੜੀਂਦੀ ਕਾਰਵਾਈ ਲਈ।

2. ਕਾਲਜ ਦਫ਼ਤਰ।

3. ਲੇਖਾ ਸ਼ਾਖਾ।

4. ਕਾਲਜ ਵੈੱਬਸਾਈਟ/ਨੋਟਿਸ ਬੋਰਡ ਲਈ।

5. HGIS 2638

Scanned with OKEN Scanner